# ਭੁਗਤਾਨ ਨਾ ਕਰਨ 'ਤੇ 10 ਦਿਨਾਂ ਦਾ ਬੇਦਖਲੀ ਨੋਟਿਸ

TRAC
TENANT RESOURCE & ADVISORY CENTRE
Unit #150-900 Howe St
Vancouver, BC V6Z 2M4
1-800-665-1185
tenants.bc.ca

ਭਾਵੇਂ ਤੁਸੀਂ **ਕਿਰਾਇਆ ਦੇਣ ਲਈ ਇੱਕ ਦਿਨ ਲੇਟ ਹੋ ਜਾਂ ਕੁਝ ਡਾਲਰ ਘੱਟ ਦਿੱਤੇ ਹੋਣ**, ਫਿਰ ਵੀ ਤੁਹਾਨੂੰ ਕਿਰਾਏ ਦਾ ਭੁਗਤਾਨ ਨਾ ਕਰਨ ਦਾ 10 ਦਿਨਾਂ ਦਾ ਬੇਦਖਲੀ ਨੋਟਿਸ ਮਿਲ ਸਕਦਾ ਹੈ।

ਬੇਦਖਲੀ ਨੋਟਿਸ ਦੇ ਲਾਗੂ ਹੋਣ ਲਈ, ਮਕਾਨ ਮਾਲਕਾਂ ਨੂੰ **ਸਹੀ ਰੈਜ਼ੀਡੈਂਸ਼ੀਅਲ ਟੈਨੈਂਸੀ ਬ੍ਰਾਂਚ (ਆਰਟੀਬੀ) ਦੇ ਬੇਦਖਲੀ ਫਾਰਮਾਂ ਦੀ ਵਰਤੋਂ ਕਰਨੀ ਜ਼ਰੂਰੀ ਹੈ।**[1]

**ਗੈਰ-ਕਾਨੂੰਨੀ ਤਾਲਾਬੰਦੀ**
ਮਕਾਨ ਮਾਲਕ ਤੁਹਾਡੇ ਲਈ 10 ਦਿਨਾਂ ਤੋਂ ਪਹਿਲਾਂ ਕਾਨੂੰਨੀ ਤੌਰ 'ਤੇ ਤਾਲਾਬੰਦੀ ਨਹੀਂ ਕਰ ਸਕਦੇ। ਕਿਸੇ ਵੀ ਬੇਦਖਲੀ ਨੂੰ ਲਾਗੂ ਕਰਨ ਲਈ, ਉਹਨਾਂ ਨੂੰ ਤੁਹਾਨੂੰ ਆਰਟੀਬੀ ਆਰਡਰ ਆਫ਼ ਪੋਜ਼ੈਸ਼ਨ (ਆਰਟੀਬੀ ਦਾ ਕਬਜ਼ੇ ਦਾ ਹੁਕਮ) ਦੇਣਾ ਪਵੇਗਾ ਜਿਸ ਉੱਪਰ ਲਾਗੂ ਹੋਣ ਦੀ ਤਾਰੀਖ ਦਿੱਤੀ ਹੋਵੇਗੀ ਅਤੇ ਸਰੀਰਕ ਤੌਰ 'ਤੇ ਬਾਹਰ ਕੱਢਣ ਲਈ ਅਦਾਲਤ ਦੁਆਰਾ ਪ੍ਰਵਾਨਿਤ ਬੇਲਿਫ਼ (ਅਧਿਕਾਰੀ) ਦੀਆਂ ਸੇਵਾਵਾਂ ਦੀ ਵਰਤੋਂ ਕਰਨੀ ਪਵੇਗੀ। ਜੇਕਰ ਤੁਹਾਡਾ ਮਕਾਨ ਮਾਲਕ ਆਰਡਰ 'ਤੇ ਲਿਖੀ ਤਾਰੀਖ ਤੋਂ ਪਹਿਲਾਂ ਤੁਹਾਡੇ ਲਈ ਤਾਲਾਬੰਦੀ ਕਰ ਦਿੰਦਾ ਹੈ, ਤਾਂ ਤੁਰੰਤ TRAC ਜਾਂ ਕਾਨੂੰਨੀ ਵਕੀਲ ਨਾਲ ਸੰਪਰਕ ਕਰੋ! ਜੇਕਰ ਕਿਰਾਏਦਾਰ ਲਈ ਗੈਰ-ਕਾਨੂੰਨੀ ਤੌਰ 'ਤੇ ਤਾਲਾਬੰਦੀ ਕਰ ਦਿੱਤੀ ਜਾਂਦੀ ਹੈ ਤਾਂ ਕਿਰਾਏਦਾਰ ਆਰਟੀਬੀ ਨੂੰ ਆਰਡਰ ਆਫ਼ ਪੋਜ਼ੈਸ਼ਨ (ਕਬਜ਼ੇ ਦਾ ਹੁਕਮ) ਲਈ ਅਰਜ਼ੀ ਦੇ ਸਕਦਾ ਹੈ।

**ਆਪਣੀ ਬੇਦਖਲੀ ਦੀ ਤਾਰੀਖ ਲੇਟ ਕਰਵਾਉਣੀ**
ਜੇਕਰ ਤੁਸੀਂ ਆਪਣੀ ਸੁਣਵਾਈ ਹਾਰ ਜਾਂਦੇ ਹੋ ਤਾਂ ਤੁਸੀਂ ਮਕਾਨ ਵਿੱਚੋਂ ਬਾਹਰ ਮੂਵ ਹੋਣ ਦੀ ਆਪਣੀ ਤਾਰੀਖ ਵਧਾਉਣ ਦੀ ਬੇਨਤੀ ਕਰ ਸਕਦੇ ਹੋ। ਇਸ ਬਾਰੇ ਵੇਰਵਾ ਦਿਓ ਕਿ ਤੁਹਾਨੂੰ ਬਾਹਰ ਮੂਵ ਹੋਣ ਲਈ ਹੋਰ ਸਮੇਂ ਦੀ ਕਿਉਂ ਲੋੜ ਹੈ ਅਤੇ ਇਹ ਦੱਸੋ ਕਿ ਤੁਹਾਡੇ ਮਕਾਨ ਮਾਲਕ 'ਤੇ ਇਸ ਨਾਲ ਕੋਈ ਮਾੜਾ ਅਸਰ ਕਿਉਂ ਨਹੀਂ ਪਵੇਗਾ।

ਸਾਡੇ ਔਨਲਾਈਨ ਸਿੱਖਣ ਵਾਲੇ ਪਲੇਟਫਾਰਮ ਰੈਂਟਿੰਗ ਇਟ ਰਾਈਟ ਉੱਪਰ TRAC ਦੀ "ਮੂਵ ਹੋਣ ਲਈ ਢੁਕਵੇਂ ਸਮੇਂ ਲਈ ਬੇਨਤੀ" ਟੈਂਪਲੇਟ ਦੇਖੋ।

## ਜੇਕਰ ਤੁਹਾਨੂੰ 10 ਦਿਨਾਂ ਦਾ ਬੇਦਖਲੀ ਨੋਟਿਸ ਮਿਲਿਆ ਹੈ:

ਤੁਹਾਡੇ ਕੋਲ ਪੂਰਾ ਕਿਰਾਇਆ ਦੇ ਕੇ ਆਪਣਾ ਬੇਦਖਲੀ ਨੋਟਿਸ ਰੱਦ ਕਰਵਾਉਣ ਲਈ **5 ਦਿਨ** ਹੁੰਦੇ ਹਨ।

ਜਾਂ

ਤੁਹਾਡੇ ਕੋਲ ਨੋਟਿਸ ਨੂੰ ਚੁਣੌਤੀ ਦੇਣ ਲਈ ਆਰਟੀਬੀ ਦੁਆਰਾ ਵਿਵਾਦ ਨਿਪਟਾਰੇ ਦੀ ਸੁਣਵਾਈ ਲਈ ਅਰਜ਼ੀ ਦੇਣ ਲਈ **5 ਦਿਨ** ਹੁੰਦੇ ਹਨ।

**ਜੇਕਰ ਤੁਸੀਂ 5 ਦਿਨਾਂ ਦੇ ਅੰਦਰ ਪੂਰਾ ਕਿਰਾਇਆ ਨਹੀਂ ਦੇ ਸਕਦੇ ਜਾਂ 5 ਦਿਨਾਂ ਦੇ ਅੰਦਰ ਵਿਵਾਦ ਨਿਪਟਾਰੇ ਦੀ ਸੁਣਵਾਈ ਲਈ ਅਰਜ਼ੀ ਨਹੀਂ ਦਿੰਦੇ ਹੋ:**

ਤੁਹਾਡੇ ਤੋਂ 10ਵੇਂ ਦਿਨ ਤੱਕ ਘਰ ਛੱਡਣ ਦੀ ਉਮੀਦ ਕੀਤੀ ਜਾਂਦੀ ਹੈ।

ਅਤੇ

ਮਕਾਨ ਮਾਲਕ ਜਲਦੀ ਆਰਡਰ ਆਫ਼ ਪੋਜ਼ੈਸ਼ਨ(ਕਬਜ਼ੇ ਦਾ ਹੁਕਮ) ਲੈਣ ਲਈ ਆਰਟੀਬੀ ਦੀ "ਸਿੱਧੀ ਬੇਨਤੀ" ("ਡਾਇਰੈਕਟ ਰੀਕੁਐਸਟ") ਕਾਰਵਾਈ, ਜਿਸ ਵਿੱਚ ਆਰਟੀਬੀ ਤੁਹਾਡਾ ਪੱਖ ਨਹੀਂ ਸੁਣਦੀ, ਦੀ ਵਰਤੋਂ ਕਰ ਸਕਦਾ ਹੈ।

ਆਰਡਰ ਆਫ਼ ਪੋਜ਼ੈਸ਼ਨ ਮਕਾਨ ਮਾਲਕ ਨੂੰ ਕਿਰਾਏਦਾਰ ਤੋਂ ਕਿਰਾਏ ਵਾਲੀ ਯੂਨਿਟ ਦਾ ਕਬਜ਼ਾ ਮੁੜ ਪ੍ਰਾਪਤ ਕਰਨ ਦਾ ਅਧਿਕਾਰ ਦਿੰਦਾ ਹੈ। ਇਹ ਮਕਾਨ-ਮਾਲਕਾਂ ਨੂੰ ਕਿਰਾਏਦਾਰ ਜਾਂ ਉਨ੍ਹਾਂ ਦੀਆਂ ਚੀਜ਼ਾਂ ਨੂੰ ਸਰੀਰਕ ਤੌਰ 'ਤੇ ਬਾਹਰ ਕੱਢਣ ਦੀ ਆਗਿਆ ਨਹੀਂ ਦਿੰਦਾ। ਇਸ ਆਰਡਰ ਨੂੰ "ਇੰਟਰਮ ਸਟੇਅ ਆਫ਼ ਪ੍ਰੋਸੀਡਿੰਗਜ਼" ("ਕਾਰਵਾਈਆਂ ਦੀ ਅੰਤਰਿਮ ਸਟੇਅ") ਲਈ ਅਰਜ਼ੀ ਦੇ ਕੇ ਅਸਥਾਈ ਤੌਰ 'ਤੇ ਰੋਕਿਆ ਜਾ ਸਕਦਾ ਹੈ।[2]

**ਭੁਗਤਾਨ ਨਾ ਕੀਤੀਆਂ ਗਈਆਂ ਯੁਟਿਲਟੀਜ਼ (ਬਿਜਲੀ,ਹੀਟ,ਪਾਣੀ ਆਦਿ) ਬਾਰੇ**
ਜੇਕਰ ਮਕਾਨ ਮਾਲਕ ਨੇ ਭੁਗਤਾਨ ਨਾ ਕੀਤੀਆਂ ਗਈਆਂ ਯੁਟਿਲਟੀਜ਼ ਬਾਰੇ ਲਿਖਤੀ ਨੋਟਿਸ ਦਿੱਤਾ ਹੈ ਅਤੇ ਫਿਰ ਤੁਹਾਡੇ ਦੁਆਰਾ ਭੁਗਤਾਨ ਕਰਨ ਲਈ 30 ਦਿਨ ਉਡੀਕ ਕੀਤੀ ਹੈ, ਤਾਂ ਭੁਗਤਾਨ ਨਾ ਕੀਤੀਆਂ ਗਈਆਂ ਯੁਟਿਲਟੀਜ਼ ਨੂੰ ਕਿਰਾਏ ਦਾ ਨਾ ਕੀਤਾ ਗਿਆ ਭੁਗਤਾਨ ਵਜੋਂ ਮੰਨਿਆ ਜਾ ਸਕਦਾ ਹੈ ਅਤੇ ਨਤੀਜੇ ਵਜੋਂ 10 ਦਿਨਾਂ ਦਾ ਬੇਦਖਲੀ ਨੋਟਿਸ ਦਿੱਤਾ ਜਾ ਸਕਦਾ ਹੈ।[3]



→

# ਕਿਸੇ ਕਾਰਨ ਕਰਕੇ ਇੱਕ ਮਹੀਨੇ ਦਾ ਬੇਦਖਲੀ ਨੋਟਿਸ

TRAC
TENANT RESOURCE & ADVISORY CENTRE

Unit #150-900 Howe St
Vancouver, BC V6Z 2M4

1-800-665-1185
tenants.bc.ca

**ਕਿਸੇ ਕਾਰਨ ਕਰਕੇ ਇੱਕ ਮਹੀਨੇ ਦੇ ਬੇਦਖਲੀ ਦੇ ਨੋਟਿਸ** ਆਮ ਤੌਰ 'ਤੇ ਕਿਰਾਏਦਾਰਾਂ ਅਤੇ/ਜਾਂ ਉਨ੍ਹਾਂ ਦੇ ਮਹਿਮਾਨਾਂ ਦੁਆਰਾ ਹੇਠ ਲਿਖੇ ਵਰਤਾਰੇ ਕਰਨ ਕਰਕੇ ਦਿੱਤੇ ਜਾਂਦੇ ਹਨ:

- ਵਾਰ-ਵਾਰ ਕਿਰਾਇਆ ਦੇਰੀ ਨਾਲ ਦੇਣਾ
- ਮਕਾਨ ਮਾਲਕ ਜਾਂ ਹੋਰ ਰਹਿਣ ਵਾਲਿਆਂ ਨੂੰ ਗੈਰ-ਵਾਜਬ ਤੌਰ 'ਤੇ ਪਰੇਸ਼ਾਨ ਕਰਨਾ ਜਾਂ ਖਤਰੇ ਵਿੱਚ ਪਾਉਣਾ।
- ਹੋਰ ਬਹੁਤ ਸਾਰਿਆਂ ਨੂੰ ਆਪਣੇ ਨਾਲ ਰਹਿਣ ਲਈ ਰੱਖਣਾ
- ਕਿਰਾਏਦਾਰੀ ਇਕਰਾਰਨਾਮੇ ਦੀ "ਮਾਟੀਰੀਅਲ ਟਰਮ" (ਮਹੱਤਵਪੂਰਨ ਸ਼ਰਤ) ਨੂੰ ਤੋੜਨਾ ਅਤੇ ਲਿਖਤੀ ਚੇਤਾਵਨੀ ਨੂੰ ਨਜ਼ਰਅੰਦਾਜ਼ ਕਰਨਾ।[4]
- ਮਕਾਨ ਮਾਲਕ ਦੀ ਸਹਿਮਤੀ ਤੋਂ ਬਿਨਾਂ ਯੂਨਿਟ ਨੂੰ ਸਬਲੈਟ ਕਰਨਾ (ਅੱਗੇ ਹੋਰਾਂ ਨੂੰ ਕਿਰਾਏ 'ਤੇ ਦੇਣਾ), ਅਤੇ ਹੋਰ।[5]

## ਜੇਕਰ ਤੁਹਾਨੂੰ ਇੱਕ ਮਹੀਨੇ ਦਾ ਨੋਟਿਸ ਮਿਲਿਆ ਹੈ ਅਤੇ ਤੁਸੀਂ ਬੇਦਖਲੀ ਨੂੰ ਚੁਣੌਤੀ ਦੇਣਾ ਚਾਹੁੰਦੇ ਹੋ:

ਜੇਕਰ ਤੁਸੀਂ ਇੱਕ ਮਹੀਨੇ ਦੇ ਬੇਦਖਲੀ ਨੋਟਿਸ 'ਤੇ ਦੱਸੇ ਗਏ ਬੇਦਖਲੀ ਦੇ ਕਾਰਨ ਨਾਲ ਸਹਿਮਤ ਨਹੀਂ ਹੋ, ਤਾਂ ਤੁਹਾਡੇ ਕੋਲ ਆਰਟੀਬੀ ਦੀ ਵਿਵਾਦ ਨਿਪਟਾਰਾ ਸੁਣਵਾਈ ਲਈ ਅਰਜ਼ੀ ਦੇਣ ਲਈ **10 ਦਿਨ** ਹੁੰਦੇ ਹਨ।

**ਜੇਕਰ ਤੁਸੀਂ ਆਰ ਟੀ ਬੀ ਵਿਖੇ ਇੱਕ ਮਹੀਨੇ ਦੇ ਨੋਟਿਸ ਨੂੰ ਚੁਨੌਤੀ ਨਹੀਂ ਦਿੰਦੇ, ਤਾਂ ਤੁਹਾਡੀ ਬਾਹਰ ਮੂਵ ਹੋਣ ਦੀ ਮਿਤੀ ਉਹੀ ਹੋਵੇਗੀ ਜੋ ਨੋਟਿਸ 'ਤੇ ਲਿਖੀ ਗਈ ਹੈ। ਤੁਹਾਡੇ ਮਕਾਨ ਮਾਲਕ ਲਈ ਤੁਹਾਨੂੰ ਪੂਰੇ ਮਹੀਨੇ ਦਾ ਨੋਟਿਸ ਦੇਣਾ ਜ਼ਰੂਰੀ ਹੈ।**

ਉਦਾਹਰਨ ਲਈ: ਜੇਕਰ ਤੁਹਾਨੂੰ 5 ਮਾਰਚ ਨੂੰ ਇੱਕ ਮਹੀਨੇ ਦਾ ਨੋਟਿਸ ਮਿਲਦਾ ਹੈ ਅਤੇ ਤੁਸੀਂ ਇਸ ਨੂੰ ਨਾ ਵੰਗਾਰਨ (ਡਿਸਪਿਊਟ) ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ 30 ਅਪ੍ਰੈਲ ਤੱਕ ਮਕਾਨ ਛੱਡਣਾ ਪਵੇਗਾ।




**ਜੇਕਰ ਤੁਸੀਂ ਆਰ ਟੀ ਬੀ ਵਿਖੇ ਇੱਕ ਮਹੀਨੇ ਦੇ ਨੋਟਿਸ ਨੂੰ ਚੁਨੌਤੀ ਦਿੰਦੇ ਹੋ ਅਤੇ ਹਾਰ ਜਾਂਦੇ ਹੋ, ਤਾਂ ਆਰ ਟੀ ਬੀ ਤੁਹਾਡੀ ਬਾਹਰ ਮੂਵ ਹੋਣ ਦੀ ਮਿਤੀ ਨਿਰਧਾਰਿਤ ਕਰੇਗਾ।**

**ਹੋਰ ਜਾਣਕਾਰੀ ਲਈ**

1 10 ਦਿਨਾਂ ਦੇ ਬੇਦਖਲੀ ਨੋਟਿਸ ਲਈ ਸਹੀ ਫਾਰਮ ਆਰਟੀਬੀ-30 ਹੈ ਅਤੇ ਇੱਕ ਮਹੀਨੇ ਦੇ ਬੇਦਖਲੀ ਨੋਟਿਸ ਲਈ ਇਹ ਆਰਟੀਬੀ-33 ਹੈ।

2 ਇਸ ਬਾਰੇ ਅਤੇ ਨਿਆਂਇਕ ਸਮੀਖਿਆ ਕਾਰਵਾਈ (ਜੁਡੀਸ਼ੀਅਲ ਰੀਵਿਊ ਪ੍ਰੋਸਿਸ) ਬਾਰੇ ਹੋਰ ਜਾਣਨ ਲਈ, judicialreviewbc.ca 'ਤੇ ਜਾਓ।

3 ਰੈਜ਼ੀਡੈਂਸ਼ੀਅਲ ਟੈਨੈਂਸੀ ਐਕਟ (ਆਰਟੀਏ) ਦੀ ਧਾਰਾ 46(6) ਵੇਖੋ।

4 ਮਾਟੀਰੀਅਲ ਟਰਮਜ਼ (ਜ਼ਰੂਰੀ ਸ਼ਰਤਾਂ) ਬਾਰੇ ਜਾਣਕਾਰੀ ਲਈ ਆਰਟੀਬੀ ਦੀ ਪਾਲਿਸੀ ਗਾਈਡਲਾਈਨ 8 ਵੇਖੋ।

5 ਪੂਰੀ ਸੂਚੀ ਲਈ ਆਰਟੀਏ ਦੀ ਧਾਰਾ 47 ਅਤੇ ਆਰਟੀਬੀ ਦੀ ਪਾਲਿਸੀ ਗਾਈਡਲਾਈਨ 55 ਵੇਖੋ।

TRAC ਨੂੰ ਇਹਨਾਂ ਤੋਂ ਲਗਾਤਾਰ ਸਹਾਇਤਾ ਮਿਲਦੀ ਹੈ:

Punjabi

Department of Justice Canada
Ministère de la Justice Canada

ਇਹ ਆਮ ਜਾਣਕਾਰੀ ਹੈ ਜਿਹੜੀ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਤੇ ਲਾਗੂ ਹੁੰਦੀ ਹੈ। TRAC ਇਸ ਗੱਲ ਦੀ ਗਰੰਟੀ ਨਹੀਂ ਦੇ ਸਕਦਾ ਕਿ ਇਹ ਵਰਤਮਾਨ ਦੀ ਹੈ ਜਾਂ ਪੂਰੀ ਹੈ। ਇਹ ਤੱਥ ਸ਼ੀਟ ਖਾਸ ਕਾਨੂੰਨੀ ਸਮੱਸਿਆਵਾਂ ਲਈ ਕਾਨੂੰਨੀ ਸਲਾਹ ਵਜੋਂ ਨਹੀਂ ਹੈ। ਆਪਣੇ ਜੋਖਮ 'ਤੇ ਵਰਤੋ ਅਤੇ ਜੇਕਰ ਤੁਹਾਨੂੰ ਕਾਨੂੰਨੀ ਸਲਾਹ ਦੀ ਲੋੜ ਹੈ ਤਾਂ ਕਿਸੇ ਵਕੀਲ ਨਾਲ ਸਲਾਹ ਕਰੋ। V1 July, 2025.